## ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ, ਮੋਗਾ

### ਦਫਤਰ ਦਾ ਪਤਾ

ਜੇਹਲਮ/ਚਨਾਬ ਬਲਾਕ, ਕਮਰਾ ਨੰਬਰ ਸੀ-214, ਸੀ-217 ਅਤੇ
ਸੀ-218, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮੋਗਾ।
ਫੋਨ ਨੰਬਰ : 01636-237488

ਨੋਟ : ਇਹ ਦਫਤਰ ਐਸ.ਐਸ.ਪੀ. ਦਫਤਰ ਦੇ ਨਾਲ ਵਾਲੀ ਇਮਾਰਤ ਵਿੱਚ ਖਜ਼ਾਨਾ ਦਫਤਰ ਦੇ ਉਪਰ ਤੀਜ਼ੀ ਮੰਜ਼ਿਲ ਤੇ ਸਥਿਤ ਹੈ। ਇਸ ਦਫਤਰ ਵਿੱਚ ਸਾਬਕਾ ਸੈਨਿਕ/ਸੈਨਿਕਾਂ ਦੀਆਂ ਵਿਧਵਾਵਾਂ ਅਤੇ ਸੇਵਾਰਿਤ ਸੈਨਿਕਾਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਸਬੰਧਤ ਕੰਮਾਂ/ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਇਸ ਦਫਤਰ ਨੂੰ ਸੈਨਿਕ ਬੋਰਡ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਸੈਨਿਕ ਬੋਰਡ ਦੇ ਪ੍ਰਧਾਨ ਮੌਜੂਦਾ ਡਿਪਟੀ ਕਮਿਸ਼ਨਰ ਜੀ ਹੁੰਦੇ ਹਨ।

**ਇਸ ਜ਼ਿਲ੍ਹੇ ਵਿੱਚ ਸਾਬਕਾ ਸੈਨਿਕਾਂ ਅਤੇ ਸੈਨਿਕਾਂ ਦੀਆਂ ਵਿਧਵਾਵਾਂ ਦੀ ਅੰਦਾਜ਼ਨ ਸੰਖਿਆ :-**

| | | |
|---|---|---|
| ਸਾਬਕਾ ਸੈਨਿਕ | - | 9925 (ਪੈਨਸ਼ਨਰ 6000 + 3925 ਨਾਨ ਪੈਨਸ਼ਨਰ) |
| ਸੈਨਿਕਾਂ ਦੀਆਂ ਵਿਧਵਾਵਾਂ | - | 2193 (ਪੈਨਸ਼ਨਰ 1500 + 693 ਨਾਨ ਪੈਨਸ਼ਨਰ) |
| ਉਪਰੋਕਤ ਦੇ ਆਸ਼ਰਿਤ | - | 33800 ਅੰਦਾਜ਼ਨ |

ਇਸ ਜ਼ਿਲ੍ਹੇ ਵਿੱਚ ਜ਼ਿਲ੍ਹਾ ਲਾਭਪਾਤਰੀਆਂ ਨੂੰ ਮਾਲੀ ਸਹਾਇਤਾਂ/ਐਨੂਇਟੀ ਆਦਿ ਦੀ ਅਦਾਇਗੀ ਕੀਤੀ ਜਾਂਦੀ ਹੈ ਉਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

(ੳ) ਪੁਰਸਕਾਰ ਵਿਜੇਤਾ (ਗਲੈਂਟਰੀ ਅਵਾਰਡ)

| ਕੁੱਲ 44 | ਪੁਰਸਕਾਰ 51 | |
|---|---|---|
| ਮਹਾਂਵੀਰ ਚੱਕਰ | - | 02 |
| ਵੀਰ ਚੱਕਰ | - | 04 |
| ਕੀਰਤੀ ਚੱਕਰ | - | 01 |
| ਸ਼ੌਰੀਆ ਚੱਕਰ | - | 06 |
| ਮਿਲਟਰੀ ਮੈਡਲ | - | 01 |
| ਸੈਨਾ/ਵਾਯੂ ਸੈਨਾ/ਨਓ ਸੈਨਾ ਮੈਡਲ | - | 20 |
| ਮੈਨਸ਼ਨ ਇਨ ਡਿਸਪੇਚ | - | 05 |
| ਯੁਧ ਸੇਵਾ ਮੈਡਲ | - | 02 |
| ਪਰਮ ਵਸਿਸ਼ਟ ਸੇਵਾ ਮੈਡਲ | - | 03 |
| ਅਤੀ ਵਸਿਸ਼ਟ ਸੇਵਾ ਮੈਡਲ | - | 05 |
| ਵਸਿਸ਼ਟ ਸੇਵਾ ਮੈਡਲ | - | 02 |
| ਕੁੱਲ | - | 51 |

(ਅ) ਬੁਢਾਪਾ ਮਾਲੀ ਸਹਾਇਤਾ - 79 (ਸਾਬਕਾ ਸੈਨਿਕ - 14, ਵਿਧਵਾਵਾਂ - 65)

65 ਸਾਲ ਤੋਂ ਉਪਰ ਦੇ ਸਾਬਕਾ ਸੈਨਿਕ ਅਤੇ ਸੈਨਿਕਾਂ ਦੀਆਂ ਵਿਧਵਾਵਾਂ, ਜਿਨ੍ਹਾਂ ਨੇ ਦੂਜੇ ਸੰਸਾਰ ਯੁਧ ਵਿੱਚ ਹਿੱਸਾ ਲਿਆ ਨੂੰ ਪੰਜਾਬ ਸਰਕਾਰ ਵੱਲੋਂ ਮਾਲੀ ਸਹਾਇਤਾ ਦੀ ਅਦਾਇਗੀ ਕੀਤੀ ਜਾਂਦੀ ਹੈ। ਇਹਨਾਂ ਨੂੰ ਪ੍ਰਤੀ ਮਹੀਨਾ 2000 ਰੁਪਏ ਦੀ ਅਦਾਇਗੀ ਕੀਤੀ ਜਾਂਦੀ ਹੈ। ਹੁਣ ਪੰਜਾਬ ਸਰਕਾਰ ਦੇ ਪੱਤਰ ਨੰਬਰ 2/3/2007-4ਰਬ/900857/4 ਮਿਤੀ 28 ਦਸੰਬਰ 2016 ਦੁਆਰਾ 2000 ਰੁਪਏ ਤੋਂ ਵਧਾ ਕੇ 4500 ਰੁਪਏ ਕਰ ਦਿੱਤੀ ਗਈ ਹੈ।

(ੲ) ਵੀਰ ਨਾਰੀਆਂ - 17

ਇਹਨਾਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਤੀ ਮਹੀਨਾ 150 ਰੁਪਏ ਸਫਰੀ ਭੱਤੇ ਲਈ ਮਾਲੀ ਸਹਾਇਤਾ ਦੀ ਅਦਾਇਗੀ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਦੁਆਰਾ ਸਾਲ 2016-17 ਦੌਰਾਨ ਇਸ ਭੱਤੇ ਦੀ ਰਾਸ਼ੀ 150 ਰੁਪਏ ਤੋਂ ਵਧਾ ਕੇ 500 ਰੁਪਏ ਕਰ ਦਿੱਤੀ ਗਈ ਹੈ।

(ਸ) ਧਰਮੀ ਸੈਨਿਕ - 04

ਇਹਨਾਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਤੀ ਮਹੀਨਾ 6000 ਰੁਪਏ ਮਾਸਿਕ ਗੁਜ਼ਾਰਾ ਭੱਤੇ ਲਈ ਮਾਲੀ ਸਹਾਇਤਾ ਦੀ ਅਦਾਇਗੀ ਕੀਤੀ ਜਾਂਦੀ ਹੈ। ਹੁਣ ਪੰਜਾਬ ਸਰਕਾਰ ਦੇ ਪੱਤਰ ਨੰਬਰ 13/3/97-2ਰਬ/893172/1-5 ਮਿਤੀ 16 ਦਸੰਬਰ 2016 ਦੁਆਰਾ 6000 ਰੁਪਏ ਤੋਂ ਵਧਾ ਕੇ 10000 ਰੁਪਏ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਹਰ ਇੱਕ ਨੂੰ ਯਕਮੁੱਸ਼ਤ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੋਇਆ ਹੈ ਜੋ ਕਿ ਅਜੇ ਲੰਬਿਤ ਹੈ।

(ਹ) ਜੰਗੀ ਜਗੀਰ - 08

ਇਹਨਾਂ ਨੂੰ ਪੰਜਾਬ ਸਰਕਾਰ ਵੱਲੋਂ 10000 ਰੁਪਏ ਪ੍ਰਤੀ ਸਾਲ ਮਾਲੀ ਸਹਾਇਤਾ ਦੀ ਅਦਾਇਗੀ ਕੀਤੀ ਜਾਂਦੀ ਹੈ।

(ਕ) ਇੰਸੈਂਟਿਵ ਗਰਾਂਟ

ਪੰਜਾਬ ਸਰਕਾਰ ਵੱਲੋਂ ਇਹ ਗਰਾਂਟ ਉਹਨਾਂ ਕੈਡਿਟਾਂ ਨੂੰ ਦਿੱਤੀ ਜਾਂਦੀ ਹੈ ਜੋ ਆਰਮੀ, ਏਅਰ ਫੋਰਸ ਜਾਂ ਨੇਵੀ ਵਿੱਚ ਸਿੱਧਾਂ ਅਫਸਰ ਕਮਿਸ਼ਨ ਪ੍ਰਾਪਤ ਕਰਦੇ ਹਨ। ਇਹ ਗਰਾਂਟ ਯੱਕਮੁਸ਼ਤ 01 ਲੱਖ ਰੁਪਏ ਪ੍ਰਤੀ ਕੈਡਿਟ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ।

ਉਪਰੋਕਤ ਸਕੀਮਾਂ ਦੀ ਅਦਾਇਗੀ ਪੰਜਾਬ ਸਰਕਾਰ ਦੇ ਖਜ਼ਾਨੇ ਵਿਚੋਂ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਹੇਠ ਲਿਖਿਆਂ ਨੂੰ ਵਿਭਾਗ ਵੱਲੋਂ ਕੇਂਦਰੀ ਸੈਨਿਕ ਬੋਰਡ ਦੀ ਮੱਦਦ ਨਾਲ ਪੰਜਾਬ ਅਮਲਗਾਮੇਟਿਡ ਫੰਡ ਵਿਚੋਂ ਮਾਲੀ ਸਹਾਇਤਾ ਦੀ ਅਦਾਇਗੀ ਕੀਤੀ ਜਾਂਦੀ ਹੈ:-

(ੳ) ਨੇਤਰਹੀਣ ਸਾਬਕਾ ਸੈਨਿਕ - 03

ਪੂਰਨ ਤੌਰ ਤੇ ਨੇਤਰਹੀਣ ਸਾਬਕਾ ਸੈਨਿਕਾਂ ਨੂੰ ਉਪਰੋਕਤ ਫੰਡ ਵਿਚੋਂ ਪ੍ਰਤੀ ਮਹੀਨਾ 1500 ਰੁਪਏ ਪ੍ਰਤੀ ਮਹੀਨਾ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

(ਅ) ਸਾਬਕਾ ਸੈਨਿਕਾਂ ਦੇ ਅਪੰਗ ਆਸ਼ਰਿਤ ਬੱਚੇ - 22

ਸਾਬਕਾ ਸੈਨਿਕਾਂ ਦੇ ਬੱਚੇ, ਜੋ ਕਿ 40 ਪ੍ਰਤੀਸ਼ਤ ਜਾਂ ਇਸ ਤੋਂ ਜ਼ਿਆਦਾ ਅਪੰਗ ਹਨ, ਉਹਨਾਂ ਨੂੰ ਪ੍ਰਤੀਸ਼ਤਤਾ ਦੇ ਆਧਾਰ ਤੇ ਪ੍ਰਤੀ ਮਹੀਨਾ ਮਾਲੀ ਸਹਾਇਤਾ ਦੀ ਅਦਾਇਗੀ ਕੀਤੀ ਜਾਂਦੀ ਹੈ।

(ੲ) ਸਾਬਕਾ ਸੈਨਿਕਾਂ ਦੇ ਬੱਚਿਆਂ ਨੂੰ ਵਜ਼ੀਫਾ

ਇਸ ਸਕੀਮ ਵਿੱਚ ਸਾਬਕਾ ਸੈਨਿਕ ਦਾ ਜੋ ਬੱਚਾ ਦਸਵੀਂ ਜਾਂ ਬਾਹਰਵੀਂ ਵਿਚੋਂ 65 ਪ੍ਰਤੀਸ਼ਤ ਜਾਂ ਇਸ ਤੋਂ ਜ਼ਿਆਦਾ ਨੰਬਰ ਲੈਂਦਾ ਹੈ ਉਸ ਨੂੰ ਉਪਰੋਕਤ ਫੰਡ ਵਿਚੋਂ ਪ੍ਰਤੀਸ਼ਤਤਾ ਦੇ ਆਧਾਰ ਤੇ ਅਗਲੇ ਦੋ ਸਾਲਾਂ ਲਈ ਪੜ੍ਹਾਈ ਜ਼ਾਰੀ ਰੱਖਣ ਤੇ ਵਜ਼ੀਫਾ ਦਿੱਤਾ ਜਾਂਦਾ ਹੈ।

ਨੋਟ : ਵਧੇਰੇ ਜਾਣਕਾਰੀ ਵਿਭਾਗ ਦੀ ਵੈੱਬ ਸਾਈਟ **directorsainikwelfarepunjab.gov.in** ਦੇ ਲਿੰਕ ਤੇ ਕਲਿਕ ਕਰਕੇ ਲਈ ਜਾ ਸਕਦੀ ਹੈ।

ਉਪਰੋਕਤ ਤੋਂ ਇਲਾਵਾ ਸਾਬਕਾ ਸੈਨਿਕਾਂ ਅਤੇ ਉਹਨਾਂ ਦੇ ਪ੍ਰੀਵਾਰਾਂ ਲਈ ਕੇਂਦਰੀ ਸੈਨਿਕ ਬੋਰਡ ਵੱਲੋਂ ਸਮੇਂ ਸਮੇਂ ਤੇ ਲਾਭਦਾਇਕ ਸਕੀਮਾਂ ਚਲਾਈਆਂ ਜਾਂਦੀਆਂ ਹਨ ਜਿਹਨਾਂ ਦਾ ਫਾਇਦਾ ਸਮੇਂ ਸਮੇਂ ਤੇ ਸਾਬਕਾ ਸੈਨਿਕ ਉਠ ਸਕਦੇ ਹਨ। ਇਹਨਾਂ ਸਕੀਮਾਂ ਲਈ ਵਧੇਰੇ ਜਾਣਕਾਰੀ ਵਾਸਤੇ ਕੇਂਦਰੀ ਸੈਨਿਕ ਬੋਰਡ ਦੀ ਵੈੱਬ ਸਾਈਟ **www:ksb.gov.in** ਤੇ ਕਲਿਕ ਕਰਕੇ ਪੂਰੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਇਸੇ ਹੀ ਸਾਈਟ ਤੇ ਆਨ ਲਾਈਨ ਫਾਰਮ ਵੀ ਅੱਪਲੋਡ ਕੀਤੇ ਜਾਂਦੇ ਹਨ। ਇਹਨਾਂ ਵਾਸਤੇ ਦਫਤਰ ਤੋਂ ਬਾਹਰ ਕਿਸੇ ਵੀ ਕੈਫੇ ਜਾਂ ਇੰਟਰਨੈੱਟ ਤੋਂ ਫਾਰਮ ਅੱਪਲੋਡ ਕਰਨੇ ਪੈਂਦੇ ਹਨ। ਕੁਝ ਕੁ ਸਕੀਮਾਂ ਹੇਠ ਦਰਸਾਈਆਂ ਜਾਂਦੀਆਂ ਹਨ।

(ੳ) ਵਜ਼ੀਫਾ ਸਕੀਮ

ਇਹ ਸਕੀਮ ਸਾਬਕਾ ਸੈਨਿਕਾਂ ਦੇ ਕੇਵਲ 02 ਬੱਚਿਆਂ ਲਈ ਹੌਲਦਾਰ ਆਹੁੱਦੇ ਤੱਕ ਪਹਿਲੀ ਕਲਾਸ ਤੋਂ ਬੀ.ਏ. ਦੀ ਪੜ੍ਹਾਈ ਲਈ 1000 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਂਦੀ ਹੈ। ਇਹ ਮੌਜੂਦਾ ਸਾਲ ਦੌਰਾਨ ਪਾਸ ਕੀਤੀ ਗਈ ਕਲਾਸ ਲਈ ਫਾਰਮ ਆਨ ਲਾਈਨ ਫਾਰਮ ਭਰੇ ਜਾਂਦੇ ਹਨ। ਇਸ ਦੀ ਆਖਰੀ ਮਿਤੀ ਪਹਿਲੀ ਤੋਂ ਨੌਵੀਂ ਅਤੇ ਗਿਆਰਵੀਂ 30 ਸਤੰਬਰ, ਦਸਵੀਂ ਅਤੇ ਬਾਹਰਵੀਂ 31 ਅਕਤੂਬਰ ਅਤੇ ਬੀ.ਏ. ਦੀਆਂ ਕਲਾਸਾਂ ਲਈ 30 ਨਵੰਬਰ ਤੱਕ ਫਾਰਮ ਭਰੇ ਜਾਂਦੇ ਹਨ।

(ਅ) ਪੈਨਿਓਰੀ ਗਰਾਂਟ

ਇਹ ਸਕੀਮ ਉਹਨਾਂ ਸਾਬਕਾ ਸੈਨਿਕਾਂ ਲਈ ਹੈ ਜੋ 1987 ਤੋਂ ਪਹਿਲਾਂ ਸੈਨਾਂ ਦੀ ਸੇਵਾ ਪੈਨਸ਼ਨ ਪ੍ਰਾਪਤੀ ਤੋਂ ਬਿਨਾਂ ਛੱਡ ਕੇ ਘਰ ਆ ਗਏ ਸਨ ਜਾਂ ਉਹਨਾਂ ਨੂੰ ਹਾਲਾਤਾਂ ਅਨੁਸਾਰ ਸਮੇਂ ਤੋਂ ਪਹਿਲਾਂ ਵਾਧੂ ਆਰਮੀ ਹੋਣ ਕਾਰਨ ਘਰ ਭੇਜ਼ ਦਿੱਤਾ ਗਿਆ ਸੀ ਅਤੇ ਜੋ ਸਾਬਕਾ ਸੈਨਿਕਾਂ ਦੀ ਕੈਟੇਗਿਰੀ ਅਧੀਨ ਆਉਂਦੇ ਹਨ। ਇਹਨਾਂ ਦੀ ਆਮਦਨ ਦਾ ਹੋਰ ਕੋਈ ਸਾਧਨ ਨਾਂ ਹੋਣ ਤੇ 4000 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਮਾਲੀ ਸਹਾਇਤਾ ਦੀ ਅਦਾਇਗੀ ਕੀਤੀ ਜਾਂਦੀ ਹੈ।

(ੲ) ਸ਼ਾਦੀ ਗਰਾਂਟ

ਇਸ ਸਕੀਮ ਅਧੀਨ ਹੌਲਦਾਰ ਆਹੁੱਦੇ ਤੱਕ ਦੇ ਸਾਬਕਾ ਸੈਨਿਕਾਂ ਦੀਆਂ ਲੜਕੀਆਂ ਦੇ ਵਿਆਹ ਲਈ ਵਿਆਹ ਤੋਂ ਛੇ ਮਹੀਨੇ ਦੇ ਵਿੱਚ ਅਪਲਾਈ ਕਰਨ ਤੇ 50,000 ਰੁਪਏ ਕੇਂਦਰੀ ਸੈਨਿਕ ਬੋਰਡ ਤੋਂ ਮਿਲਣਯੋਗ ਹਨ।

ਉਪਰੋਕਤ ਤੋਂ ਇਲਾਵਾ ਹੋਰ ਵੀ ਸਕੀਮਾਂ ਹਨ ਜਿਨ੍ਹਾਂ ਦੀ ਜਾਣਕਾਰੀ ਉਪਰੋਕਤ ਵੈੱਬ ਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਜੇਕਰ ਫਿਰ ਵੀ ਸਮਝ ਵਿੱਚ ਨਹੀਂ ਆਉਂਦਾ ਤਾਂ ਇਸ ਦਫਤਰ ਦੇ ਫੋਨ ਤੇ ਸੰਪਰਕ ਕਰਕੇ ਜਾਂ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਦਫਤਰ ਦੇ ਸਟਾਫ ਤੋਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਵਾਸਤੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਮੋਗਾ